# ਰੀਅਲ ਇਸਟੇਟ ਦੇ ਖਪਤਕਾਰ ਵਜੋਂ ਆਪਣੀਆਂ ਚੋਣਾਂ ਬਾਰੇ ਜਾਣੋ

ਰੀਅਲ ਇਸਟੇਟ ਦਾ ਕੋਈ ਸੌਦਾ ਕਰਨ ਬਾਰੇ ਵਿਚਾਰ ਕਰ ਰਹੇ ਹੋ? ਤੁਹਾਨੂੰ ਸਭ ਤੋਂ ਪਹਿਲਾਂ ਜਿਹੜੇ ਫੈਸਲੇ ਕਰਨੇ ਪੈਣਗੇ ਉਨ੍ਹਾਂ ਵਿੱਚੋਂ ਇਕ ਇਹ ਹੈ ਕਿ ਕੀ ਤੁਹਾਨੂੰ ਕਿਸੇ ਲਾਇਸੰਸਸ਼ੁਦਾ ਰੀਅਲ ਇਸਟੇਟ ਪ੍ਰੋਫੈਸ਼ਨਲ (ਏਜੰਟ) ਨਾਲ ਕੰਮ ਕਰਨਾ ਚਾਹੀਦਾ ਹੈ ਜਿਹੜਾ ਤੁਹਾਡੀ ਨੁਮਾਇੰਦਗੀ ਕਰੇਗਾ। ਰੀਅਲ ਇਸਟੇਟ ਕੌਂਸਲ ਔਫ ਬੀ ਸੀ ਤੋਂ ਖਪਤਕਾਰਾਂ (ਕੰਜ਼ਿਊਮਰਜ਼) ਦੀ ਰੱਖਿਆ ਲਈ ਇਹ ਜ਼ਰੂਰੀ ਜਾਣਕਾਰੀ ਪੜ੍ਹਨ ਲਈ ਕੁਝ ਮਿੰਟ ਲਾਉ।

ਇਹ ਫਾਰਮ ਉਨ੍ਹਾਂ ਖਾਸ ਕਾਨੂੰਨੀ ਜ਼ਿੰਮੇਵਾਰੀਆਂ ਬਾਰੇ ਦੱਸਦਾ ਹੈ ਜਿਹੜੀਆਂ ਰੀਅਲ ਇਸਟੇਟ ਪ੍ਰੋਫੈਸ਼ਨਲਜ਼ (ਏਜੰਟਾਂ) ਦੀਆਂ ਆਪਣੇ ਗਾਹਕਾਂ ਪ੍ਰਤੀ ਹਨ। ਇਹ ਤੁਹਾਡੀ ਇਹ ਚੋਣ ਕਰਨ ਵਿਚ ਮਦਦ ਕਰੇਗਾ ਕਿ ਕੀ ਤੁਸੀਂ ਬਣਨਾ ਚਾਹੁੰਦੇ ਹੋ:

- ਕਿਸੇ ਰੀਅਲ ਇਸਟੇਟ ਪ੍ਰੋਫੈਸ਼ਨਲ ਦੇ **ਗਾਹਕ**, ਜੋ ਕਿ ਸੌਦੇ ਵਿਚ ਤੁਹਾਡੀ ਨੁਮਾਇੰਦਗੀ ਕਰੇਗਾ, ਜਾਂ
- **ਨੁਮਾਇੰਦਗੀ–ਰਹਿਤ ਪਾਰਟੀ** ਜਿਸ ਦੀ ਕੋਈ ਰੀਅਲ ਇਸਟੇਟ ਪ੍ਰੋਫੈਸ਼ਨਲ ਨੁਮਾਇੰਦਗੀ ਨਹੀਂ ਕਰੇਗਾ।

**ਤੁਹਾਨੂੰ ਇਹ ਫਾਰਮ ਕਿਉਂ ਮਿਲ ਰਿਹਾ ਹੈ?**
ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਇਹ ਜ਼ਰੂਰੀ ਹੈ ਕਿ ਉਹ ਤੁਹਾਡੇ ਨਾਲ ਕੰਮ ਕਰਨ ਤੋਂ ਪਹਿਲਾਂ ਇਹ ਫਾਰਮ ਤੁਹਾਨੂੰ ਦੇਵੇ, ਅਤੇ ਤੁਹਾਨੂੰ ਇਸ ਬਾਰੇ ਵਿਸਤਾਰ ਨਾਲ ਸਮਝਾਵੇ।

**ਇਸ ਫਾਰਮ ਦੀ ਵਰਤੋਂ ਕਿਵੇਂ ਕਰਨੀ ਹੈ:**
ਇਸ ਜਾਣਕਾਰੀ ਨੂੰ ਪੜ੍ਹੋ ਅਤੇ ਕਿਸੇ ਵੀ ਉਸ ਚੀਜ਼ ਬਾਰੇ ਪੁੱਛੋ ਜਿਹੜੀ ਤੁਹਾਨੂੰ ਸਮਝ ਨਾ ਆਈ ਹੋਵੇ। ਤੁਸੀਂ ਖਪਤਕਾਰਾਂ ਲਈ ਔਪਸ਼ਨਲ ਫੀਲਡਜ਼ ਭਰ ਸਕਦੇ ਹੋ ਜਿਹੜੇ ਇਹ ਦੱਸਦੇ ਹਨ ਕਿ ਤੁਸੀਂ ਇਹ ਜਾਣਕਾਰੀ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਵਿਚਾਰ ਲਈ ਹੈ।

**ਅਗਾਂਹ ਕੀ ਹੁੰਦਾ ਹੈ?**
ਫਾਰਮ ਨੂੰ ਵਿਚਾਰਨ ਅਤੇ ਖਪਤਕਾਰਾਂ ਲਈ ਔਪਸ਼ਨਲ ਫੀਲਡਜ਼ ਮੁਕੰਮਲ ਕਰਨ ਤੋਂ ਬਾਅਦ, ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਇਸ ਫਾਰਮ ਨੂੰ ਪੂਰਾ ਕਰਨਾ ਅਤੇ ਇਸ ’ਤੇ ਦਸਖਤ ਕਰਨਾ ਜ਼ਰੂਰੀ ਹੈ।

ਇਸ ਫਾਰਮ ਅਤੇ ਰੀਅਲ ਇਸਟੇਟ ਦੇ ਖਪਤਕਾਰਾਂ ਲਈ ਹੋਰ ਜਾਣਕਾਰੀ ਬਾਰੇ **www.recbc.ca** ’ਤੇ ਜ਼ਿਆਦਾ ਜਾਣੋ।

## ਨੁਮਾਇੰਦਗੀ ਦੇ ਫਾਇਦੇ

ਬਹੁਤ ਸਾਰੇ ਲੋਕ ਰੀਅਲ ਇਸਟੇਟ ਦੇ ਸੌਦਿਆਂ ਵਿਚ ਜਾਣਕਾਰੀ ਲੈ ਕੇ ਫੈਸਲੇ ਕਰਨ ਵਿਚ ਆਪਣੀ ਮਦਦ ਲਈ ਕੋਈ ਰੀਅਲ ਇਸਟੇਟ ਪ੍ਰੋਫੈਸ਼ਨਲ ਰੱਖਣ ਦੀ ਚੋਣ ਕਰਦੇ ਹਨ। ਗਾਹਕ (ਕਲਾਇੰਟ) ਵਜੋਂ, ਤੁਹਾਨੂੰ ਇਨ੍ਹਾਂ ਚੀਜ਼ਾਂ ਤੋਂ ਫਾਇਦਾ ਹੋਵੇਗਾ:

### ਮਾਹਰ ਸਲਾਹ

ਬੀ ਸੀ ਵਿਚ, ਲਾਇਸੰਸਸ਼ੁਦਾ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਨੂੰ ਖਾਸ ਟਰੇਨਿੰਗ ਦਿੱਤੀ ਜਾਂਦੀ ਹੈ।

### ਰੱਖਿਆ

ਬੀ ਸੀ ਵਿਚ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਨੂੰ *ਰੀਅਲ ਇਸਟੇਟ ਸਰਵਿਸਿਜ਼ ਐਕਟ* ਹੇਠ ਲਾਇਸੰਸ ਦਿੱਤੇ ਜਾਂਦੇ ਹਨ। ਇਹ ਕਾਨੂੰਨ ਖਪਤਕਾਰਾਂ ਦੀ ਰੱਖਿਆ ਕਰਨ ਲਈ ਬਣਾਇਆ ਗਿਆ ਹੈ।

### ਨਿਗਰਾਨੀ

ਰੀਅਲ ਇਸਟੇਟ ਕੌਂਸਲ ਔਫ ਬੀ ਸੀ ਇਹ ਪੱਕਾ ਕਰਨ ਲਈ ਕੰਮ ਕਰਦੀ ਹੈ ਕਿ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਯੋਗ ਅਤੇ ਜਾਣਕਾਰ ਹਨ। ਕਿਸੇ ਰੀਅਲ ਇਸਟੇਟ ਪ੍ਰੋਫੈਸ਼ਨਲ ਬਾਰੇ ਜੇ ਤੁਹਾਨੂੰ ਕੋਈ ਸ਼ਿਕਾਇਤ ਹੋਵੇ ਤਾਂ ਤੁਸੀਂ ਸਾਡੇ ਵੈੱਬਸਾਈਟ www.recbc.ca ’ਤੇ ਜਾ ਕੇ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਅਸੀਂ ਪੜਤਾਲ ਕਰ ਸਕਦੇ ਹਾਂ ਅਤੇ ਪੇਸ਼ਾਵਰ ਮਾੜੇ ਵਿਹਾਰ ਲਈ ਵਿਅਕਤੀਆਂ ਨੂੰ ਸਜ਼ਾ ਦੇ ਸਕਦੇ ਹਾਂ।



**ਰੀਅਲ ਇਸਟੇਟ ਕੌਂਸਲ ਔਫ ਬੀ ਸੀ** ਖਪਤਕਾਰਾਂ ਦੀ ਰੱਖਿਆ ਕਰਨ ਲਈ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ’ਤੇ ਨਿਯਮ ਲਾਗੂ ਕਰਦੀ ਹੈ। ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਵੈੱਬਸਾਈਟ ’ਤੇ ਜਾਉ। **1.877.683.9664 | ਗੁਪਤ ਸੂਹ ਦੇਣ ਲਈ ਲਾਈਨ: 1.833.420.2400 | info@recbc.ca | www.recbc.ca**

(rev 6/2018)

RECBC REAL ESTATE COUNCIL OF BRITISH COLUMBIA

## ਗਾਹਕ ਵਜੋਂ ਕੀ ਉਮੀਦ ਰੱਖਣੀ ਹੈ

ਜਦੋਂ ਤੁਸੀਂ ਕਿਸੇ ਰੀਅਲ ਇਸਟੇਟ ਪ੍ਰੋਫੈਸ਼ਨਲ ਦੇ ਗਾਹਕ (ਕਲਾਇੰਟ) ਬਣਦੇ ਹੋ ਤਾਂ ਉਨ੍ਹਾਂ ਦੀਆਂ ਤੁਹਾਡੇ ਏਜੰਟ ਦੇ ਤੌਰ 'ਤੇ ਤੁਹਾਡੇ ਪ੍ਰਤੀ ਖਾਸ ਕਾਨੂੰਨੀ ਜ਼ਿੰਮੇਵਾਰੀਆਂ ਹਨ:

☑ **ਵਫ਼ਾਦਾਰੀ:** ਉਨ੍ਹਾਂ ਲਈ ਤੁਹਾਡੇ ਹਿੱਤ ਅੱਗੇ ਰੱਖਣਾ ਜ਼ਰੂਰੀ ਹੈ, ਉਨ੍ਹਾਂ ਦੇ ਆਪਣੇ ਹਿੱਤਾਂ ਤੋਂ ਵੀ ਅੱਗੇ।

☑ **ਹਿੱਤਾਂ ਦੇ ਟਕਰਾਅ ਤੋਂ ਬਚਣਾ:** ਉਨ੍ਹਾਂ ਲਈ ਕਿਸੇ ਵੀ ਉਸ ਹਾਲਤ ਤੋਂ ਬਚਣਾ ਜ਼ਰੂਰੀ ਹੈ ਜਿਹੜੀ ਤੁਹਾਡੇ ਬਿਹਤਰ ਹਿੱਤਾਂ ਵਿਚ ਕੰਮ ਕਰਨ ਦੀ ਉਨ੍ਹਾਂ ਦੀ ਡਿਊਟੀ 'ਤੇ ਅਸਰ ਪਾਉਂਦੀ ਹੋਵੇ।

☑ **ਢੁਕਵੀਂ ਜਾਣਕਾਰੀ ਪੂਰੀ ਤਰ੍ਹਾਂ ਦੇਣਾ:** ਉਨ੍ਹਾਂ ਲਈ ਆਪਣੀ ਜਾਣਕਾਰੀ ਵਿਚਲੇ ਉਹ ਸਾਰੇ ਤੱਥ ਤੁਹਾਨੂੰ ਦੇਣਾ ਜ਼ਰੂਰੀ ਹੈ ਜਿਹੜੇ ਤੁਹਾਡੇ ਫੈਸਲਿਆਂ 'ਤੇ ਅਸਰ ਪਾ ਸਕਦੇ ਹਨ।

☑ **ਤੁਹਾਡੀ ਭੇਤਦਾਰੀ ਦੀ ਰੱਖਿਆ ਕਰਨਾ:** ਉਹ ਤੁਹਾਡੀ ਆਗਿਆ ਤੋਂ ਬਿਨਾਂ ਤੁਹਾਡੀ ਪ੍ਰਾਈਵੇਟ ਜਾਣਕਾਰੀ ਕਿਸੇ ਨੂੰ ਨਹੀਂ ਦੱਸ ਸਕਦੇ, ਜਿਵੇਂ ਕਿ:

- ਖਰੀਦਣ/ਵੇਚਣ/ਲੀਜ਼ ਕਰਨ/ਕਿਰਾਏ 'ਤੇ ਲੈਣ ਦੇ ਤੁਹਾਡੇ ਕਾਰਨ
- ਜਿਹੜੀ ਘੱਟ ਤੋਂ ਘੱਟ/ਵੱਧ ਤੋਂ ਵੱਧ ਕੀਮਤ ਤੁਸੀਂ ਲੱਭ ਰਹੇ ਹੋ
- ਕੋਈ ਵੀ ਤਰਜੀਹੀ ਸ਼ਰਤਾਂ ਅਤੇ ਹਾਲਤਾਂ ਜਿਹੜੀਆਂ ਤੁਸੀਂ ਕੌਨਟਰੈਕਟ ਵਿਚ ਸ਼ਾਮਲ ਕਰਨਾ ਚਾਹੁੰਦੇ ਹੋ ਸਕਦੇ ਹੋ।

## ਨੁਮਾਇੰਦਗੀ-ਰਹਿਤ ਪਾਰਟੀ ਵਜੋਂ ਕੀ ਉਮੀਦ ਰੱਖਣੀ ਹੈ

ਜੇ ਤੁਸੀਂ ਆਪਣੀ ਨੁਮਾਇੰਦਗੀ ਲਈ ਕੋਈ ਰੀਅਲ ਇਸਟੇਟ ਪ੍ਰੋਫੈਸ਼ਨਲ ਨਾ ਲੈਣ ਦੀ ਚੋਣ ਕਰਦੇ ਹੋ ਤਾਂ ਤੁਸੀਂ ਨੁਮਾਇੰਦਗੀ-ਰਹਿਤ ਪਾਰਟੀ ਹੁੰਦੇ ਹੋ। ਤੁਸੀਂ ਉਨ੍ਹਾਂ ਖਾਸ ਕਾਨੂੰਨੀ ਡਿਊਟੀਜ਼ ਲਈ ਯੋਗ ਨਹੀਂ ਹੋ ਜਿਹੜੀਆਂ ਕਿਸੇ ਗਾਹਕ ਨੂੰ ਮਿਲਦੀਆਂ ਹਨ।

☒ **ਕੋਈ ਵਫ਼ਾਦਾਰੀ ਨਹੀਂ:** ਸੌਦੇ ਵਿਚ ਸ਼ਾਮਲ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਤੁਹਾਡੇ ਉਲਟ ਹਿੱਤਾਂ ਵਾਲੇ ਗਾਹਕਾਂ ਦੀ ਨੁਮਾਇੰਦਗੀ ਕਰ ਰਹੇ ਹੁੰਦੇ ਹਨ। ਉਨ੍ਹਾਂ ਦਾ ਆਪਣੇ ਗਾਹਕਾਂ ਪ੍ਰਤੀ ਵਫ਼ਾਦਾਰ ਹੋਣਾ ਜ਼ਰੂਰੀ ਹੈ, ਤੁਹਾਡੇ ਪ੍ਰਤੀ ਨਹੀਂ।

☒ **ਹਿੱਤਾਂ ਦੇ ਟਕਰਾਅ ਤੋਂ ਬਚਣ ਦੀ ਕੋਈ ਜ਼ਿੰਮੇਵਾਰੀ ਨਹੀਂ:** ਕੋਈ ਵੀ ਰੀਅਲ ਇਸਟੇਟ ਪ੍ਰੋਫੈਸ਼ਨਲ ਤੁਹਾਡੇ ਹਿੱਤਾਂ ਲਈ ਕੰਮ ਨਹੀਂ ਕਰ ਰਿਹਾ ਹੁੰਦਾ।

☒ **ਕੋਈ ਪੂਰਾ ਡਿਸਕਲੋਜ਼ਰ ਨਹੀਂ:** ਸੌਦੇ ਵਿਚ ਸ਼ਾਮਲ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਦੀ ਤੁਹਾਨੂੰ ਸਾਰੀ ਢੁਕਵੀਂ ਜਾਣਕਾਰੀ ਦੇਣ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ।

☒ **ਕੋਈ ਭੇਤਦਾਰੀ ਨਹੀਂ:** ਸੌਦੇ ਵਿਚ ਸ਼ਾਮਲ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਲਈ ਤੁਹਾਡੇ ਵਲੋਂ ਦੱਸੀ ਗਈ ਕੋਈ ਵੀ ਜਾਣਕਾਰੀ ਆਪਣੇ ਗਾਹਕ ਨਾਲ ਸਾਂਝੀ ਕਰਨਾ ਜ਼ਰੂਰੀ ਹੈ।

## ਗਾਹਕ ਵਜੋਂ ਤੁਹਾਡੀਆਂ ਚੋਣਾਂ

ਬੀ ਸੀ ਵਿਚ, ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਆਪਣੀਆਂ ਸੇਵਾਵਾਂ ਲਾਇਸੰਸਸ਼ੁਦਾ ਕੰਪਨੀਆਂ ਰਾਹੀਂ ਦਿੰਦੇ ਹਨ ਜਿਨ੍ਹਾਂ ਨੂੰ ਬਰੋਕਰੇਜ ਆਖਿਆ ਜਾਂਦਾ ਹੈ। ਜੇ ਤੁਸੀਂ ਕਿਸੇ ਰੀਅਲ ਇਸਟੇਟ ਪ੍ਰੋਫੈਸ਼ਨਲ ਦਾ ਗਾਹਕ ਬਣਨ ਦਾ ਫੈਸਲਾ ਕਰਦੇ ਹੋ ਤਾਂ ਤੁਸੀਂ ਉਸ ਦੇ ਬਰੋਕਰੇਜ ਨਾਲ ਇਕ ਐਗਰੀਮੈਂਟ 'ਤੇ ਦਸਖਤ ਕਰੋਗੇ। ਬਰੋਕਰੇਜ ਦੇ ਕੰਮ ਕਰਨ ਦੇ ਤਰੀਕੇ ਮੁਤਾਬਕ, ਗਾਹਕ ਵਜੋਂ ਤੁਹਾਡੀ ਨੁਮਾਇੰਦਗੀ ਦੋ ਤਰੀਕਿਆਂ ਵਿੱਚੋਂ ਇਕ ਤਰੀਕੇ ਨਾਲ ਕੀਤੀ ਜਾਵੇਗੀ:

### 1 ਨਿਯੁਕਤ ਏਜੰਸੀ

ਤੁਹਾਡਾ ਰੀਅਲ ਇਸਟੇਟ ਪ੍ਰੋਫੈਸ਼ਨਲ ਤੁਹਾਡੀ ਨੁਮਾਇੰਦਗੀ "ਨਿਯੁਕਤ ਏਜੰਟ" ਵਜੋਂ ਕਰੇਗਾ। ਸਿਰਫ ਤੁਹਾਡੇ ਨਿਯੁਕਤ ਏਜੰਟ ਦੀਆਂ ਹੀ ਤੁਹਾਡੇ ਪ੍ਰਤੀ ਉੱਪਰ ਦੱਸੀਆਂ ਗਈਆਂ ਕਾਨੂੰਨੀ ਜ਼ਿੰਮੇਵਾਰੀਆਂ ਹੋਣਗੀਆਂ। ਤੁਹਾਡਾ ਏਜੰਟ ਤੁਹਾਡੀ ਆਗਿਆ ਤੋਂ ਬਿਨਾਂ ਬਰੋਕਰੇਜ ਵਿਚ ਹੋਰਨਾਂ ਨਾਲ ਤੁਹਾਡੀ ਗੁਪਤ ਜਾਣਕਾਰੀ ਸਾਂਝੀ ਨਹੀਂ ਕਰ ਸਕਦਾ।

### 2 ਬਰੋਕਰੇਜ ਏਜੰਸੀ

ਬਰੋਕਰੇਜ ਦੇ **ਸਾਰੇ** ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਵਲੋਂ ਤੁਹਾਡੀ ਨੁਮਾਇੰਦਗੀ ਕੀਤੀ ਜਾਵੇਗੀ। ਉਨ੍ਹਾਂ ਦੀਆਂ ਤੁਹਾਡੇ ਪ੍ਰਤੀ ਉੱਪਰ ਦੱਸੀਆਂ ਗਈਆਂ **ਸਾਰੀਆਂ** ਕਾਨੂੰਨੀ ਜ਼ਿੰਮੇਵਾਰੀਆਂ ਵੀ ਹੋਣਗੀਆਂ। ਉਨ੍ਹਾਂ **ਸਾਰਿਆਂ** ਲਈ ਤੁਹਾਡੀ ਗੁਪਤ ਜਾਣਕਾਰੀ ਦੀ ਰੱਖਿਆ ਕਰਨਾ ਵੀ ਜ਼ਰੂਰੀ ਹੈ।

ਹਰ ਤਰੀਕੇ ਨਾਲ, ਲਾਇਸੰਸਸ਼ੁਦਾ ਰੀਅਲ ਇਸਟੇਟ ਪ੍ਰੋਫੈਸ਼ਨਲ ਦੇ ਇਕ ਗਾਹਕ ਵਜੋਂ ਤੁਹਾਨੂੰ ਮਾਹਰ ਸਲਾਹ, ਨਿਗਰਾਨੀ ਅਤੇ ਰੱਖਿਆ ਤੋਂ ਫਾਇਦਾ ਹੋਵੇਗਾ।



**ਰੀਅਲ ਇਸਟੇਟ ਕੌਂਸਲ ਔਫ ਬੀ ਸੀ** ਖਪਤਕਾਰਾਂ ਦੀ ਰੱਖਿਆ ਕਰਨ ਲਈ ਰੀਅਲ ਇਸਟੇਟ ਪ੍ਰੋਫੈਸ਼ਨਲਜ਼ 'ਤੇ ਨਿਯਮ ਲਾਗੂ ਕਰਦੀ ਹੈ। ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਵੈੱਬਸਾਈਟ 'ਤੇ ਜਾਉ। **1.877.683.9664 | ਗੁਪਤ ਸੂਹ ਦੇਣ ਲਈ ਲਾਈਨ: 1.833.420.2400 | info@recbc.ca | www.recbc.ca**

(rev 6/2018)

RECBC REAL ESTATE COUNCIL OF BRITISH COLUMBIA

**ਇਹ ਡਿਸਕਲੋਜ਼ਰ *ਰੀਅਲ ਇਸਟੇਟ ਸਰਵਿਸਿਜ਼ ਐਕਟ* ਹੇਠ ਨਿਯਮਾਂ ਦੇ ਸੈਕਸ਼ਨ 5-10 ਦੀ ਪਾਲਣਾ ਮੁਤਾਬਕ ਕੀਤਾ ਗਿਆ ਹੈ।**

## ਹਿਦਾਇਤਾਂ

**ਖਪਤਕਾਰ:** ਕਿਰਪਾ ਕਰਕੇ ਹੇਠਾਂ ਓਪਸ਼ਨਲ ਫੀਲਡਜ਼ ਮੁਕੰਮਲ ਕਰੋ ਤਾਂ ਜੋ ਇਹ ਪਤਾ ਲੱਗੇ ਕਿ ਤੁਹਾਨੂੰ ਖਪਤਕਾਰਾਂ ਦੀ ਰੱਖਿਆ ਲਈ ਇਹ ਜਾਣਕਾਰੀ ਮਿਲ ਗਈ ਹੈ।

ਇਸ ਫਾਰਮ ਨੂੰ ਭਰਨ ਤੋਂ ਬਾਅਦ, ਜੇ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਤੁਹਾਨੂੰ ਆਪਣੀ ਨੁਮਾਇੰਦਗੀ ਲਈ ਕਿਸੇ ਰੀਅਲ ਇਸਟੇਟ ਪ੍ਰੋਫੈਸ਼ਨਲ ਦੀ ਲੋੜ ਨਹੀਂ ਹੈ ਤਾਂ ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਤੁਹਾਨੂੰ ***ਡਿਸਕਲੋਜ਼ਰ ਔਫ ਰਿਸਕਸ ਟੂ ਅਨਰੈਪਰੇਜ਼ਿਨਟਡ ਪਾਰਟੀਜ਼*** ਨਾਂ ਦਾ ਫਾਰਮ ਦੇਣ ਦੀ ਲੋੜ ਹੋ ਸਕਦੀ ਹੈ।

**ਰੀਅਲ ਇਸਟੇਟ ਪ੍ਰੋਫੈਸ਼ਨਲ:** ਭਰੋ ਅਤੇ ਦਸਖਤ ਕਰੋ ਤਾਂ ਜੋ ਇਹ ਪਤਾ ਲੱਗੇ ਕਿ ਤੁਸੀਂ ਇਹ ਡਿਸਕਲੋਜ਼ਰ ਰੀਅਲ ਇਸਟੇਟ ਦੇ ਖਪਤਕਾਰ ਨੂੰ ਦੇ ਦਿੱਤਾ ਹੈ। ਇਹ ਫਾਰਮ ਤੁਰੰਤ ਆਪਣੇ ਬਰੋਕਰੇਜ ਨੂੰ ਦਿਉ।

## Mandatory Real Estate Professional Confirmation

**I confirm that I have:**

☐ provided the consumer with the *Disclosure of Representation in Trading Services* form.
☐ explained the special legal duties owed by a real estate professional to their client.
☐ explained the risks of being an unrepresented party in a real estate transaction.

**I confirm that I will** *(check one):*

☐ represent the consumer as my **client** under **designated agency.**
☐ represent the consumer as my **client** under **brokerage agency.**
☐ deal with this consumer as an **unrepresented party.**

Name: ______________________________

Brokerage: ______________________________

Signature: ______________________________ Date: ______________

Notes: ______________________________

______________________________

*See next page for Optional Consumer Confirmation.*



**ਰੀਅਲ ਇਸਟੇਟ ਕੌਂਸਲ ਔਫ ਬੀ ਸੀ** ਖਪਤਕਾਰਾਂ ਦੀ ਰੱਖਿਆ ਕਰਨ ਲਈ ਰੀਅਲ ਇਸਟੇਟ ਪ੍ਰੋਫੈਸ਼ਨਲਜ਼ 'ਤੇ ਨਿਯਮ ਲਾਗੂ ਕਰਦੀ ਹੈ। ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਵੈੱਬਸਾਈਟ 'ਤੇ ਜਾਉ। **1.877.683.9664 | ਗੁਪਤ ਸੂਹ ਦੇਣ ਲਈ ਲਾਈਨ: 1.833.420.2400 | info@recbc.ca | www.recbc.ca**

(rev 6/2018)

REAL ESTATE COUNCIL OF BRITISH COLUMBIA

## Optional Consumer Confirmation

**I confirm that the real estate professional disclosed the special legal duties owed to clients.**

☐ Yes ☐ No

**I confirm that the real estate professional disclosed the differences between a client and an unrepresented party.**

☐ Yes ☐ No

**I confirm that the real estate professional disclosed the risks of being an unrepresented party.**

☐ Yes ☐ No

**I confirm that I choose to** *(check one):*

☐ be **a client** represented by the real estate professional under **designated agency.**

☐ be **a client** represented by the real estate professional under **brokerage agency.**

☐ be an **unrepresented party.**

Consumer Name: ______________________________

Consumer Signature: ______________________________ Date: ______________

Consumer Name: ______________________________

Consumer Signature: ______________________________ Date: ______________

*Section 8-4(a) of the Rules made under the Real Estate Services Act requires a brokerage to maintain a copy of all written disclosures and any related acknowledgements under Division 2 Part 5 of the Rules.*

## ਖਪਤਕਾਰ ਦੀ ਪ੍ਰਾਈਵੇਸੀ ਦਾ ਨੋਟਿਸ

ਰੀਅਲ ਇਸਟੇਟ ਪ੍ਰੋਫੈਸ਼ਨਲ ਇਹ ਫਾਰਮ ਤੁਹਾਨੂੰ ਇਸ ਕਰਕੇ ਦੇ ਰਿਹਾ ਹੈ ਕਿਉਂਕਿ ਉਨ੍ਹਾਂ ਲਈ ਰੀਅਲ ਇਸਟੇਟ ਸਰਵਿਸਿਜ਼ ਐਕਟ ("ਰੂਲਜ਼") ਹੇਠ ਅਜਿਹਾ ਕਰਨਾ ਜ਼ਰੂਰੀ ਹੈ। **ਤੁਹਾਡੇ ਲਈ ਇਸ ਫਾਰਮ ਉੱਪਰ ਆਪਣਾ ਨਾਂ ਲਿਖਣਾ ਜਾਂ ਦਸਖਤ ਕਰਨਾ ਜ਼ਰੂਰੀ ਨਹੀਂ ਹੈ।** ਫਿਰ ਵੀ, ਜਿਸ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਤੁਸੀਂ ਵਰਤ ਰਹੇ ਹੋ, ਉਹ ਤੁਹਾਨੂੰ ਅਜਿਹਾ ਕਰਨ ਲਈ ਕਹਿ ਸਕਦਾ ਹੈ ਤਾਂ ਜੋ ਉਹ ਇਹ ਸਾਬਤ ਕਰ ਸਕੇ ਕਿ ਨਿਯਮਾਂ ਦੀ ਮੰਗ ਮੁਤਾਬਕ ਉਸ ਨੇ ਤੁਹਾਨੂੰ ਇਹ ਫਾਰਮ ਦੇ ਦਿੱਤਾ ਹੈ। ਰੀਅਲ ਇਸਟੇਟ ਪ੍ਰੋਫੈਸ਼ਨਲ ਇਸ ਫਾਰਮ ਦੀ ਕਾਪੀ (ਸਮੇਤ ਕੋਈ ਵੀ ਉਸ ਨਿੱਜੀ ਜਾਣਕਾਰੀ ਦੇ ਜਿਹੜੀ ਤੁਸੀਂ ਦਿੱਤੀ ਹੈ ਜਿਵੇਂ ਕਿ ਤੁਹਾਡਾ ਨਾਂ ਜਾਂ ਦਸਖਤ) ਆਪਣੇ ਬਰੋਕਰੇਜ ਨੂੰ ਦੇਵੇਗਾ। ਰੀਅਲ ਇਸਟੇਟ ਪ੍ਰੋਫੈਸ਼ਨਲਜ਼ 'ਤੇ ਨਿਯਮ ਲਾਗੂ ਕਰਨ ਲਈ ਜ਼ਿੰਮੇਵਾਰ ਸੂਬੇ ਦੀ ਸੰਸਥਾ, ਰੀਅਲ ਇਸਟੇਟ ਕੌਂਸਲ ਔਫ ਬੀ ਸੀ, ਨਿਯਮਾਂ ਦੀ ਪਾਲਣਾ 'ਤੇ ਨਿਗਰਾਨੀ ਰੱਖਣ ਦੇ ਮੰਤਵ ਲਈ ਇਸ ਫਾਰਮ ਦੀ ਪੜਚੋਲ ਕਰ ਸਕਦੀ ਹੈ।

ਰੀਅਲ ਇਸਟੇਟ ਕੌਂਸਲ ਔਫ ਬੀ ਸੀ ਵਲੋਂ ਤੁਹਾਡੀ ਨਿੱਜੀ ਜਾਣਕਾਰੀ ਲੈਣ ਅਤੇ ਵਰਤਣ ਦੇ ਸੰਬੰਧ ਵਿਚ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਸੰਪਰਕ ਕਰੋ:
Privacy Officer, Real Estate Council of BC, 900-750 West Pender Street, Vancouver, BC, V6C 2T8; ਟੈਲੀਫੋਨ: 604.683.9664 ਜਾਂ ਦੂਰੋਂ ਮੁਫਤ 1.877.683.9664 'ਤੇ; ਈਮੇਲ: privacy@recbc.ca

ਜੇ ਖਾਸ ਤੌਰ 'ਤੇ ਮੰਗੀ ਨਹੀਂ ਜਾਂਦੀ ਤਾਂ ਇਸ ਡਿਸਕਲੋਜ਼ਰ ਦੀ ਇਕ ਕਾਪੀ ਰੀਅਲ ਇਸਟੇਟ ਕੌਂਸਲ ਔਫ ਬੀ ਸੀ ਨੂੰ ਦਿੱਤੇ ਜਾਣ ਦੀ ਲੋੜ ਨਹੀਂ ਹੈ।



**ਰੀਅਲ ਇਸਟੇਟ ਕੌਂਸਲ ਔਫ ਬੀ ਸੀ** ਖਪਤਕਾਰਾਂ ਦੀ ਰੱਖਿਆ ਕਰਨ ਲਈ ਰੀਅਲ ਇਸਟੇਟ ਪ੍ਰੋਫੈਸ਼ਨਲਜ਼ 'ਤੇ ਨਿਯਮ ਲਾਗੂ ਕਰਦੀ ਹੈ। ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਵੈੱਬਸਾਈਟ 'ਤੇ ਜਾਉ। **1.877.683.9664 | ਗੁਪਤ ਸੂਹ ਦੇਣ ਲਈ ਲਾਈਨ: 1.833.420.2400 | info@recbc.ca | www.recbc.ca**

(rev 6/2018)